# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

# ਵੈੱਲਫੇਅਰ ਸੁਸਾਇਟੀ ਨਿਉ-ਸੁਖੀਆਬਾਦ ਨੇ ਸੀਵਰੇਜ਼ ਸੁਵਿਧਾ ਦੇਣ ਤੇ ਮੇਅਰ ਸ਼ਿਵ ਸੂਦ ਦਾ ਕੀਤਾ ਧੰਨਵਾਦ

ਹੁਸ਼ਿਆਰਪੁਰ 24ਜੁਲਾਈ - ਵਾਰਡ ਨੰ: 2 ਦੇ ਮੁੱਹਲਾ ਸੁਖੀਆਬਾਦ ਵਿੱਚ ਸੀਵਰੇਜ਼ ਚਾਲੂ ਹੋਣ ਤੇ ਵੈੱਲਫੇਅਰ ਸੁਸਾਇਟੀ ਨਿਉ-ਸੁਖੀਆਬਾਦ ਦੇ ਮੈਂਬਰਾਂ ਅਤੇ ਮੁੱਹਲਾ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਇੱਕਠੇ ਹੋ ਕੇ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਦਾ ਧੰਨਵਾਦ ਕੀਤਾ ਅਤੇ ਮੁੱਹਲੇ ਦੀਆਂ ਕੁਝ ਨਵੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ।

ਮੇਅਰ ਸ਼ਿਵ ਸੂਦ ਨੇ ਮੁੱਹਲਾ ਨਿਵਾਸੀਆਂ ਨੂੰ ਕਿਹਾ ਕਿ ਉਹ ਆਪਣੇ ਘਰਾਂ ਦੇ ਸੀਵਰੇਜ਼ ਅਤੇ ਪਾਣੀ ਦੇ ਕੁਨੈਕਸ਼ਨ ਨਗਰ ਨਿਗਮ ਦੇ ਦਫ਼ਤਰ ਵਿਖੇ ਜਾ ਕੇ ਰੈਗੂਲਰ ਕਰਵਾਉਣ, ਜੇ ਕਿਸੇ ਮੁੱਹਲਾ ਨਿਵਾਸੀ ਨੂੰ ਸੀਵਰੇਜ਼ ਦੇ ਸਬੰਧ ਵਿੱਚ ਕੋਈ ਸਮੱਸਿਆ ਆਵੇ ਤਾਂ ਉਨਾਂ ਦੇ ਧਿਆਨ ਵਿੱਚ ਲਿਆਉਣ। ਉਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਚਲਾਈ ਅਮਰਿੱਤ ਸਕੀਮ ਤਹਿਤ ਨਵੇਂ ਬਣੇ ਮੁਹਲਿਆਂ ਵਿੱਚ ਜਲਦੀ ਹੀ ਸੀਵਰੇਜ਼ ਅਤੇ ਪੀਣ ਵਾਲੇ ਦੀ ਸੁਵਿਧਾ ਉਪਲਬੰਧ ਕਰਵਾਈ ਜਾਵੇਗੀ।

ਵੈੱਲਫੇਅਰ ਸੁਸਾਇਟੀ ਨਿਉ ਸੁਖੀਆਬਾਦ ਦੇ ਪ੍ਰਧਾਨ ਰਮੇਸ਼ ਠਾਕੁਰ ਨੇ ਮੇਅਰ ਸ਼ਿਵ ਸੂਦ ਵੱਲੋਂ ਸੀਵਰੇਜ਼ ਅਤੇ ਪਾਣੀ ਦੀ ਉਪਲਬੰਧ ਕਰਵਾਉਣ ਅਤੇ ਮੁੱਹਲੇ ਵਿੱਚ ਕਰਵਾਏ ਗਏ ਸਰਵਪੱਖੀ ਵਿਕਾਸ ਕੰਮਾਂ ਲਈ ਉਹਨਾਂ ਦਾ ਧੰਨਵਾਦ ਕੀਤਾ। ਦੇਸਰਾਜ ਸ਼ਰਮਾਂ, ਰਾਮ ਪ੍ਰਕਾਸ਼ ਸ਼ਰਮਾ, ਠਾਕੁਰ ਜਗਦੀਸ਼, ਹੰਸ ਰਾਜ ਸ਼ਰਮਾ, ਕਿਸ਼ਨ ਦੇਵ, ਹੰਸ ਰਾਜ ਮੁਨੀਮ, ਮਦਨ ਲਾਲ, ਪ੍ਰੇਮ ਚੰਦ, ਅਨਿਲ ਕੁਮਾਰ, ਰਣਜੀਤ ਸਿੰਘ ਚੋਹਾਨ, ਵਿਜੇ ਕੁਮਾਰ, ਪ੍ਰਸ਼ਾਦੀ ਲਾਲ ਸ਼ਰਮਾ, ਕ੍ਰਿਸ਼ਨ ਚੰਦ, ਕਪਿਲ ਸ਼ਜਰਮਾ, ਸੁਰਿੰਦਰ ਮੋਹਨ ਸ਼ਰਮਾ, ਇੰਦਰਜੀਤ, ਸ਼ਾਂਤੀ ਸਰੂਪ, ਬਲਰਾਮ ਭਾਰਗਵ, ਰਾਜੇਸ਼ ਭਾਟੀਆ ਅਤੇ ਮੁੱਹਲਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।